# ਉਸਾਰੀ ਕਿਰਤੀਆਂ ਅਤੇ ਉਨਾਂ ਦੇ ਪਰਿਵਾਰਾਂ ਦੀ ਭਲਾਈ ਲਈ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ ਆਫ ਸਰਵਿਸ) ਐਕਟ, 1996 ਅਧੀਨ ਬਣਾਏ ਪੰਜਾਬ ਰੂਲਜ਼ 2008 ਦੇ ਰੂਲ 265 ਅਧੀਨ ਦਿੱਤੇ ਉਪਬੰਧ ਅਨੁਸਾਰ ਪ੍ਰਵਾਨਤ ਕਿਰਤ ਭਲਾਈ ਸਕੀਮਾਂ ਦਾ ਵਿਵਰਣ

**ਭਲਾਈ ਸਕੀਮ ਨੰ:1: ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਲਾਭ ਦੇਣ ਬਾਰੇ।** ਮਿਤੀ 23.12.2015 ਤੋਂ **ਸੋਧੀ ਸਕੀਮ**

1. ਇਹ ਸਕੀਮ ਬੋਰਡ ਦੇ ਮੌਜੂਦਾ ਪੰਜੀਕ੍ਰਿਤ ਲਾਭਪਾਤਰੀਆਂ ਲਈ ਪ੍ਰਵਾਨਤ ਹੈ।
2. ਇਸ ਸਕੀਮ ਅਧੀਨ ਲਾਭਪਾਤਰੀ ਅਤੇ ਉਸ ਦੇ ਪਰਿਵਾਰ ਦੇ ਹੋਰ ਮੈਂਬਰ ਲਾਭ ਲੈਣ ਦੇ ਪਾਤਰ ਹੋਣਗੇ।
3. ਇਹ ਸਕੀਮ ਹੈਲਥ ਐਸ਼ੋਰੈਂਸ ਮੋਡ ਅਧੀਨ ਕਵਰ ਹੋਵੇਗੀ, ਜਿਸਦੇ ਤਹਿਤ ਲਾਭਪਾਤਰੀ ਕਿਰਤੀ ਸਮੇਤ ਉਸਦੇ ਪਰੀਵਾਰ ਦੇ ਹੋਰ ਮੈਂਬਰਾਂ ਦਾ ਸਲਾਨਾ 50,000/- ਰੁਪਏ ਤੱਕ ਦਾ ਇੰਨਡੋਰ ਇਲਾਜ ਸਰਕਾਰੀ ਅਤੇ ਪੈਨਲ ਤੇ ਪ੍ਰਾਈਵੇਟ ਹਸਪਤਾਲਾਂ ਵਿਚ ਮੁਫਤ ਕਰਵਾਇਆ ਜਾਵੇਗਾ।
4. ਇਸ ਸਕੀਮ ਲਈ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੋਡਲ ਏਜੰਸੀ ਹੋਵੇਗੀ।
5. ਇਸ ਸਕੀਮ ਅਧੀਨ ਲਾਭਪਾਤਰੀ ਦੀ ਕਿਸੀ ਦੁਰਘਟਨਾ ਵਿਚ ਮੌਤ ਹੋਣ ਤੇ ਜਾਂ ਦੁਰਘਟਨਾ ਦੋਰਾਨ ਪੂਰਣ ਤੌਰ ਤੇ (100%) ਅਪਾਹਜ ਹੋਣ ਤੇ ਇੰਸੋਰੈਂਸ਼ ਕੰਪਨੀ ਵਲੋਂ 5 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ।

**ਭਲਾਈ ਸਕੀਮ ਨੰ:2: ਐਕਸਗ੍ਰੇਸ਼ੀਆ ਸਕੀਮ** ਮਿਤੀ 19.7.16 ਤੋਂ **ਸੋਧੀ ਸਕੀਮ**

| ਲੜੀ ਨੰ: | ਹਾਦਸੇ ਦੀ ਕਿਸਮ | ਐਕਸਗ੍ਰੇਸ਼ੀਆ ਦੀ ਰਕਮ |
|---|---|---|
| 1 | ਦੁਰਘਟਨਾ ਵਿੱਚ ਮੌਤ ਵਜੋਂ | ਰੁ. 4.00 ਲੱਖ |
| 2 | ਕੁਦਰਤੀ ਮੋਤ ਵਜੋਂ (natural death) | ਰੁ. 3.00 ਲੱਖ |
| 3 | ਲਾਭਪਾਤਰੀ ਦੀ ਅਪੰਗਤਾ ਦੀ ਸੂਰਤ ਵਿੱਚ<br>i) ਪੂਰਣ (100%) ਅਪੰਗਤਾ ਵਜੋਂ<br>ii) ਆਂਸ਼ਕ ਅਪੰਗਤਾ ਦੀ ਸੂਰਤ ਵਿੱਚ | <br>i) ਐਕਸਗ੍ਰੇਸ਼ੀਆ ਰਾਸ਼ੀ = 4.00 ਲੱਖ ਰੁਪਏ<br>ii) ਹਰੇਕ 1% ਅਪੰਗਤਾ ਲਈ 4000/- ਰੁਪਏ ਜੋਕਿ 4.00 ਲੱਖ ਰੁਪਏ ਤੱਕ ਜਾ ਸਕਦੀ ਹੈ। |

## ਸ਼ਰਤਾਂ

1) ਜੇਕਰ ਲਾਭਪਾਤਰੀ ਦਾ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਸਮਾਰਟ ਕਾਰਡ ਬਣਿਆ ਹੈ ਤਾਂ ਅਜਿਹੀ ਸੂਰਤ ਵਿੱਚ ਉਹ ਐਕਸਗ੍ਰੇਸ਼ੀਆ ਸਕੀਮ ਅਧੀਨ ਦੁਰਘਟਨਾ ਵਿੱਚ ਮੋਤ ਹੋਣ ਜਾਂ ਪੂਰਣ ਅਪੰਗਤਾ ਵਜੋਂ ਮਿਲ ਰਹੇ 4.00 ਲੱਖ ਰੁਪਏ ਦੇ ਵਿੱਤੀ ਲਾਭ ਵਿੱਚ ਕਵਰ ਨਹੀਂ ਹੁੰਦਾ।

2) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਹੋਣ ਤੇ ਪੰਜਾਬ ਬੀ.ਓ.ਸੀ ਵਰਕਰਜ਼ ਰੂਲਜ 2008 ਦੇ ਰੂਲ 2 (t) ਵਿਚ 'ਫੈਮਲੀ' ਦੀ ਪਰਿਭਾਸ਼ਾ ਜੋ ਹੇਠ ਪ੍ਰਕਾਰ ਹੈ, ਵਿਚ ਦਸੇ ਪਰਿਵਾਰ ਦੇ ਮੈਂਬਰ ਇਹ ਰਕਮ "ਐਕਸਗ੍ਰੇਸ਼ੀਆ" ਵਜੋਂ ਲੈਣ ਦੇ ਹਕੱਦਾਰ ਹੋਣਗੇ:-

**"Family" means the husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependant on him".**

3) (i) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਸਬੰਧੀ ਸਰਟੀਫਿਕੇਟ ਰਜਿਸਟ੍ਰਾਰ ਜਨਮ/ਮੌਤ ਤੋਂ ਲੈਕੇ ਅਰਜੀ ਦੇ ਨਾਲ ਪੋਰਟਲ ਤੇ ਅਪਲੋਡ ਕਰਨਾ ਜਰੂਰੀ ਹੋਵੇਗਾ।

(ii) ਪੰਜੀਕ੍ਰਿਤ ਲਾਭਪਾਤਰੀ ਦੇ ਦੁਰਘਟਨਾ ਵਿੱਚ ਮੌਤ (accidental death) ਦੇ ਸਬੂਤ ਵਜੋਂ ਡੀ.ਡੀ.ਆਰ ਜਾਂ ਐਫ.ਆਈ.ਆਰ ਜਾਂ ਪੋਸਟਮਾਰਟਮ ਰਿਪੋਰਟ ਦੀ ਤਸਦੀਕ ਸ਼ੁਦਾ ਕਾਪੀ ਅਰਜੀ ਦੇ ਨਾਲ ਅਪਲੋਡ ਕਰਨੀ ਜਰੂਰੀ ਹੋਵੇਗੀ।

4) ਅਪੰਗਤਾ ਦੀ ਪ੍ਰਤੀਸ਼ਤਤਾ ਦਾ ਸਰਟੀਫਿਕੇਟ ਸਿਵਲ ਸਰਜਨ ਦੇ ਦਫਤਰ ਤੋਂ ਲੈਕੇ ਅਪਲੋਡ ਕਰਨਾ ਜਰੂਰੀ ਹੋਵੇਗਾ।

**<u>ਨੋਟ</u> ਜੇਕਰ ਲਾਭਪਾਤਰੀ 'ਈ.ਐਸ.ਆਈ' ਅਧੀਨ ਲਾਭ ਲੈ ਰਿਹਾ ਹੋਵੇ ਤਾਂ ਉਹ ਐਕਸਗ੍ਰੇਸ਼ੀਆ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੋਵੇਗਾ।"**

**ਭਲਾਈ ਸਕੀਮ ਨੰ:3: ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਲਈ ਵਜੀਫਾ ਦੇਣ ਬਾਰੇ ਸਕੀਮ।**

| **ਲੜੀ ਨੰ:** | **ਕਲਾਸ** | **ਵਜੀਫੇ ਦੀ ਦਰ** | | |
|---|---|---|---|---|
| | | **ਵਜੀਫੇ ਦੀ ਕੁਲ ਰਕਮ ਪ੍ਰਤੀ ਸਾਲ (ਮਿਤੀ 1.4.2016 ਤੋਂ ਪਹਿਲਾਂ ਦੇ ਰੇਟ)** | **ਤਜਵੀਜਤ ਰਕਮ ਪ੍ਰਤੀ ਸਾਲ (ਮਿਤੀ 1.4.2016 ਤੋਂ ਲਾਗੂ ਨਵੇਂ ਰੇਟ)** | |
| | | | **ਲੜਕਿਆਂ ਲਈ** | **ਲੜਕੀਆਂ ਲਈ** |
| 1. | ਪਹਿਲੀ **ਕਲਾਸ** ਤੋਂ ਪੰਜਵੀ ਕਲਾਸ ਤੱਕ | 2,800/- | 3,000/- | 4000/- |
| 2. | ਛੇਵੀਂ ਕਲਾਸ ਤੋਂ ਅਠਵੀ ਕਲਾਸ ਲਈ | 4,000/- | 5,000/- | 7000/- |
| 3. | 9ਵੀਂ, 10ਵੀਂ, | 6,000/- | 10,000/- | 13000/- |
| 4. | +1 ਅਤੇ +2 | 6,000/- | 20,000/- | 25000/- |
| 5. | ੳ) ਕਾਲਜ ਵਿਦਿਆਰਥੀ (ਹਰ ਤਰਾਂ ਦੀ ਗਰੈਜੂਏਸ਼ਨ/ਪੋਸਟ ਗਰੈਜੂਏਸ਼ਨ)<br><br>ਅ)ਆਈ.ਟੀ.ਆਈ/ਪਾਲੀਟੈਕਨਿਕ ਵਿਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ,ਏ.ਐਨ.ਐਮ/ ਜੀ.ਐਨ.ਐਮ ਕੋਰਸ | 19,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 34,000/-)** | 25,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 40,000/-)** | 30,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 45,000/-)** |
| 6. | ਮੈਡੀਕਲ/ਇੰਜੀਨੀਅਰਿੰਗ ਹਰ ਤਰਾਂ ਦੀ ਮੈਡਿਕਲ/ਇੰਜੀਨੀਅਰਿੰਗ ਡਿਗਰੀ | 38,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 58,000/-)** | 40,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 60,000/-)** | 50,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 70,000/-)** |

**<u>ਵਜੀਫਾ ਸਕੀਮ ਦੀਆਂ ਸ਼ਰਤਾਂ:-</u>**

1. ਪੰਜੀਕ੍ਰਿਤ ਲਾਭਪਾਤਰੀ ਦੇ ਬੱਚਿਆਂ ਨੂੰ ਹੀ ਵਜੀਫੇ ਦਾ ਲਾਭ ਦਿੱਤਾ ਜਾਵੇਗਾ।
2. ਲਾਭਪਾਤਰੀ ਨੂੰ ਖੁੱਦ ਵੀ ਪ੍ਰਵਾਨਤ ਸੰਸਥਾ/ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜਨ ਲਈ ਵਜੀਫਾ ਦਿੱਤਾ ਜਾਵੇਗਾ।
3. ਪਿਛਲੀ ਕਾਲਸ ਵਿੱਚ ਫੇਲ ਹੋਏ ਕੇਸਾਂ ਵਿੱਚ ਵਜੀਫਾ ਨਹੀਂ ਦਿੱਤਾ ਜਾਵੇਗਾ।
4. ਜੇਕਰ ਲਾਭਪਾਤਰੀ ਨੂੰ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾ ਤੋਂ ਲਾਭ ਮਿਲ ਰਿਹਾ ਹੋਵੇ ਤਾਂ ਵੀ ਉਸਨੂੰ ਬੋਰਡ ਵਲੋਂ ਇਸ ਸਕੀਮ ਅਧੀਨ ਲਾਭ ਦਿਤਾ ਜਾਵੇਗਾ।
5. ਸਬੰਧਤ ਵਿਦਿਅਕ ਅਦਾਰੇ ਪਾਸੋ ਪੜਾਈ ਸਬੰਧੀ ਸਰਟੀਫਿਕੇਟ ਪ੍ਰਾਪਤ ਕਰਕੇ ਅਪਲੋਡ ਕਰਨਾ ਹੋਵੇਗਾ।

**ਭਲਾਈ ਸਕੀਮ ਨੰ:4: ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਦੇ ਸ਼ਗਨ ਸਕੀਮ 31,000/- (ਸ਼ਗਨ ਦੀ ਰਕਮ)** **ਮਿਤੀ 30.3.15 ਤੋਂ ਸੋਧੀ ਸਕੀਮ**

(ੳ) i) ਕੇਵਲ ਦੋ ਲੜਕੀਆਂ ਦੀ ਸ਼ਾਦੀ ਦੇ ਮੋਕੇ ਤੇ ਇਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ, ਨਾ ਕਿ ਤਲਾਕ ਆਦਿ ਹੋ ਜਾਣ ਦੀ ਸੂਰਤ ਵਿੱਚ ਦੁਬਾਰਾ ਸ਼ਾਦੀ ਕਰਨ ਤੇ।

ii) ਜੇਕਰ ਲੜਕੀ ਬੋਰਡ ਪਾਸ ਖੁਦ ਬਤੋਰ ਲਾਭਪਾਤਰੀ ਰਜਿਸਟਰ ਹੋਵੇ ਤਾਂ ਉਹ ਵੀ ਇਸ ਸਕੀਮ ਅਧੀਨ ਅਪਣੀ ਸ਼ਾਦੀ ਲਈ ਸ਼ਗਨ ਦੀ ਰਾਸ਼ੀ ਪ੍ਰਾਪਤ ਕਰਨ ਦੀ ਹੱਕਦਾਰ ਹੋਵੇਗੀ ਬਸ਼ਰਤੇ ਕਿ ਉਸਦੇ ਰਜਿਸਟਰਡ ਮਾਤਾ ਪਿਤਾ ਵਲੋਂ ਅਪਣੀ ਇਸ ਲੜਕੀ ਦੀ ਸ਼ਾਦੀ ਲਈ ਇਸ ਸਕੀਮ ਅਧੀਨ ਕਲੇਮ ਨਾ ਲਿਆ ਹੋਵੇ। ਇਸ ਸਬੰਧੀ ਲੜਕੀ ਵਲੋਂ ਸਵੈਘੋਸ਼ਣਾ ਦਿਤੀ ਜਾਵੇਗੀ।

(ਅ) ਪੰਜੀਕ੍ਰਿਤ ਕਿਰਤੀ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਾਰੀਖ ਤੋਂ ਬਾਅਦ ਤਿੰਨ ਮਹੀਨੇ ਦੇ ਅੰਦਰ-ਅੰਦਰ ਦਰਖਾਸਤ ਦੇ ਸਕਦਾ ਹੈ। ਸ਼ਾਦੀ ਦੇ ਸਬੂਤ ਵਿਚ ਮੈਰਿਜ ਰਜਿਸਟਰਿੰਗ ਅਥਾਰਟੀ ਵਲੋਂ ਦਿਤਾ ਸਰਟੀਫਿਕੇਟ ਦਰਖਾਸਤ ਦੇ ਨਾਲ ਲਗਾਉਣਾ ਜਰੂਰੀ ਹੋਵੇਗਾ।

(ੲ) ਜੇਕਰ ਕਿਸੇ ਹੋਰ ਸਰਕਾਰੀ ਜਾਂ ਗੈਰ-ਸਰਕਾਰੀ ਸੰਰਥਾ ਤੋਂ ਅਜਿਹਾ ਲਾਭ ਮਿਲ ਰਿਹਾ ਹੋਵੇ ਤਾਂ ਵੀ ਬੋਰਡ ਦੀ ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।

**ਭਲਾਈ ਸਕਮੀ ਨੰ:5: ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਛੁੱਟੀ ਦੋਰਾਨ ਯਾਤਰਾ ਲਈ ਸਹੂਲਤ 2000/- ਰੁਪਏ (ਐਲ.ਟੀ.ਸੀ ਦੀ ਰਕਮ)** **ਮਿਤੀ 27.8.2014 ਤੋਂ ਸੋਧੀ ਸਕੀਮ**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਐਲ.ਟੀ.ਸੀ ਵਜੋਂ 2000/- ਰੁਪਏ ਦੀ ਰਾਸ਼ੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਿਤੀ ਜਾਵੇਗੀ:-

1) ਉਸਾਰੀ ਕਿਰਤੀ ਭਾਰਤ ਵਿੱਚ ਕਿਸੇ ਵੀ ਧਾਰਮਿਕ/ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨ ਜਾਂ ਅਪਣੇ Home Town ਜਾਣ ਲਈ ਐਲ.ਟੀ.ਸੀ ਲਈ ਯੋਗ ਹੋਵੇਗਾ ਅਤੇ ਦੁਬਾਰਾ 2 ਸਾਲ ਬਾਅਦ ਇਸ ਸਹੂਲਤ ਦਾ ਲਾਭ ਦਿੱਤਾ ਜਾਵੇਗਾ।
2) ਲਾਭਪਾਤਰੀ ਵਲੋਂ ਇਸ ਸਕੀਮ ਅਧੀਨ ਨਿਰਧਾਰਿਤ ਪ੍ਰਫਾਰਮੇ ਵਿੱਚ ਅਰਜੀ ਯਾਤਰਾ ਤੋ ਵਾਪਸ ਆਉਣ ਤੇ ਦਿਤੀ ਜਾਵੇਗੀ ਅਤੇ ਕੀਤੀ ਗਈ ਯਾਤਰਾ ਬਾਰੇ ਸਵੈ ਘੋਸ਼ਣਾ/ਸਬੂਤ (Self declaration / proof) ਅਰਜੀ ਦੇ ਨਾਲ ਪੇਸ਼ ਕਰਨਾ ਪਵੇਗਾ, ਜਿਸ ਬਾਰੇ ਪੜਤਾਲੀਆ ਰਿਪੋਟ ਸਬੰਧਤ ਹਲਕੇ ਦੇ ਕਿਰਤ ਇੰਸਪੈਕਟਰ/ਲੇਬਰ ਇਨਫੋਰਸਮੈਂਟ ਅਫਸਰ ਰਾਹੀਂ ਜਾਂ ਨੇੜੇ ਦੇ ਸੁਵਿਧਾ ਕੇਂਦਰ ਰਾਹੀਂ ਬੋਰਡ ਦੇ ਪੋਰਟਲ ਤੇ ਅਪਲੋਡ ਕਰਨਾ ਹੋਵੇਗਾ।
3) ਇਸ ਸਕੀਮ ਅਧੀਨ ਯਾਤਰਾ ਦੋਰਾਨ ਅਣਸੁਖਾਵੀਂ ਘਟਨਾ ਵਾਪਰਨ ਤੇ ਲਾਭਪਾਤਰੀ ਨੂੰ ਬੋਰਡ ਵਲੋਂ ਕੋਈ ਮੁਆਵਜਾ ਨਹੀਂ ਦਿਤਾ ਜਾਵੇਗਾ।
4) ਬੋਰਡ ਦੇ ਰਜਿਸਟਰਡ ਲਾਭਪਾਤਰੀ ਨੂੰ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾ ਤੋਂ ਕੋਈ ਲਾਭ ਮਿਲ ਰਿਹਾ ਹੋਵੇ, ਤਾਂ ਵੀ ਉਸਨੂੰ ਬੋਰਡ ਦੀ ਉਕਤ ਸਕੀਮ ਦਾ ਲਾਭ ਦਿਤਾ ਜਾਵੇਗਾ।"

**ਭਲਾਈ ਸਕੀਮ ਨੰ:6:** **ਉਸਾਰੀ ਕੰਮਾਂ ਵਿੱਚ ਲਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨਾਂ ਦੇ ਆਸ਼ਰਿਤਾਂ ਵਾਸਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਬਾਰੇ ਸਕੀਮ**

ਮਿਤੀ 1.4.13 ਤੋਂ
**ਸੋਧੀ ਸਕੀਮ**

ਬੋਰਡ ਵੱਲੋਂ ਇਸ ਸਕੀਮ ਅਧੀਨ ਹੇਠ ਦਰਸਾਈਆਂ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਲਈ ਵੱਧ ਤੋਂ ਵੱਧ ਇਕ ਲੱਖ ਜਾਂ ਅਸਲ ਖਰਚ ਜੋ ਵੀ ਘੱਟ ਹੋਵੇ ਬਾਰੇ ਪ੍ਰਵਾਨਗੀ ਦਿੱਤੀ ਗਈ:-

1. **Occupational dermatitis.**
2. **Occupational Cancer.**
3. **Asbestosis.**
4. **Silicosis.**
5. **Lead poisoning including poisoning by occupational diseases in building and other construction work to be notified by any preparation or compound of lead or their sequela.**
6. **Benzene poisoning, including poisoning by any of its homologues, their nitro or amino, derivatives or its sequela.**
7. **Occupational asthama.**
8. **Pesticide poisoning.**
9. **Toxic jaundice.**
10. **Toxic anaemia.**
11. **Compressed air illness (Caissons diseases).**
12. **Noise induced hearing loss.**
13. **Toxic nephritis.**
14. **Cancer operation/treatment.**
15. **Heart surgery.**
16. **Kidney transplant.**

ਇਸ ਸਕੀਮ ਅਧੀਨ ਲਾਭ ਲੈਣ ਲਈ ਹੇਠ ਲਿਖੀਆਂ ਸ਼ਰਤਾਂ ਨਿਰਧਾਰਤ ਹਨ:-

(1) ਇਸ ਸਕੀਮ ਅਧੀਨ 1 ਲੱਖ ਰੁਪਏ ਤੱਕ ਦਾ ਲਾਭ ਤਾਂ ਹੀ ਮਿਲੇਗਾ ਜੇਕਰ ਇਲਾਜ ਤੇ ਕੀਤਾ ਖਰਚਾ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਪੂਰਾ ਹੋ ਗਿਆ ਹੈ।

(2) ਉਸਾਰੀ ਕਿਰਤੀ-ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਪਾਸ ਬਤੌਰ **'ਲਾਭਪਾਤਰੀ'** ਰਜਿਸਟਰ ਹੋਵੇ।

(3) ਜੇਕਰ ਵਿਤੀ ਸਹਾਇਤਾ ਆਸ਼ਰਿਤ ਦੇ ਇਲਾਜ ਲਈ ਲੈਣੀ ਹੋਵੇ, ਤਾਂ ਅਜਿਹਾ ਆਸ਼ਰਿਤ ਲਾਭਪਾਤਰੀ ਉਸਾਰੀ ਕਿਰਤੀ ਦੇ ਪਰਿਵਾਰ ਦਾ ਮੈਂਬਰ ਹੋਣਾ ਚਾਹੀਦਾ ਹੈ ਅਤੇ ਉਸਦੇ ਆਸ਼ਰਿਤ ਹੋਣ ਸਬੰਧੀ ਸਬੂਤ ਪੇਸ਼ ਕਰਨਾ ਪਵੇਗਾ।

(4) ਬਿਮਾਰੀ ਦੇ ਇਲਾਜ ਤੇ ਹੋਏ ਖਰਚੇ ਨੂੰ ਸਿਵਲ ਸਰਜਨ ਵਲੋਂ ਤਸਦੀਕ ਕਰਕੇ ਸਹੀ ਕਰਾਰ ਦਿੱਤਾ ਗਿਆ ਹੋਵੇ।

**ਭਲਾਈ ਸਕੀਮ ਨੰ:7:** **ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ "ਐਨਕ (ਨਜਰ ਦੇ ਚਸ਼ਮੇ)', 'ਦੰਦ' ਅਤੇ ਸੁਣਨ-ਯੰਤਰ ਲਗਵਾਉਣ ਲਈ ਵਿੱਤੀ ਸਹਾਇਤਾ ਦੇਣ ਬਾਰੇ ਸਕੀਮ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ ਵੈਲਫੇਅਰ ਬੋਰਡ ਵਲੋਂ ਪੰਜਾਬ ਰਾਜ ਵਿਚ ਅਪਣੇ ਰਜਿਸਟਰਡ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਐਨਕਾਂ (ਨਜਰ ਦੇ ਚਸ਼ਮੇ) ਦੰਦ ਅਤੇ ਸੁਣਨ-ਯੰਤਰ ਲਗਵਾਉਣ ਵਾਸਤੇ ਹੇਠ ਲਿਖੀਆਂ ਦਰਾਂ ਮੁਤਾਬਕ ਵਿੱਤੀ ਸਹਾਇਤਾ (ਸਬਸਿਡੀ) ਦਿਤੀ ਜਾਂਦੀ ਹੈ:-

| ਲੜੀ ਨੰ: | ਵਸਤੂ ਦਾ ਨਾਂਅ | ਰਕਮ |
|---|---|---|
| 1. | ਐਨਕ (ਨਜਰ ਦੇ ਚਸ਼ਮੇ) | ਰੁ: 800/- |
| 2. | ਦੰਦਾ ਵਾਸਤੇ | ਰੁ: 5,000/- |
| 3. | ਸੁਣਨ ਯੰਤਰ ਵਾਸਤੇ | ਰੁ: 6,000/- |

**ਸ਼ਰਤਾਂ:**

1. ਉਸਾਰੀ ਕਿਰਤੀ ਬੋਰਡ ਦੇ 'ਲਾਭਪਾਤਰੀ' ਵਜੋਂ ਰਜਿਸਟਰ ਹੋਇਆ ਹੋਵੇ।
2. ਲਾਭਪਾਤਰੀ ਉਸਾਰੀ ਕਿਰਤੀ ਅਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।
3. ਜੇਕਰ ਲਾਭਪਾਤਰੀ ਨੇ ਇਸ ਸਕੀਮ ਅਧੀਨ ਸਹੂਲਤ ਅਪਣੇ ਪਰਿਵਾਰ ਦੇ ਕਿਸੇ ਮੈਂਬਰ ਲਈ ਲੈਣੀ ਹੋਵੇ ਤਾਂ ਅਜਿਹਾ ਮੈਂਬਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਰੂਲਜ਼ 2008 ਦੇ ਰੂਲ 2 (t) ਵਿਚ ਦਰਜ "ਫੈਮਿਲੀ" ਦੀ ਪਰਿਭਾਸ਼ਾ, ਜੋ ਹੇਠ ਪ੍ਰਕਾਰ ਹੈ, ਵਿਚ ਕਵਰ ਹੋਣਾ ਚਾਹੀਦਾ ਹੈ:-

   **"2(t) family means the husband or wife, minor sons (including major sons who are insane or physically handicapped and unable to earn), unmarried daughter and the parents of the building worker, who are solely dependant on him"**

4. ਇਸ ਸਕੀਮ ਅਧੀਨ ਵਸਤੂਆਂ ਲਈ ਵਿੱਤੀ ਸਹਾਇਤਾ ਸਰਕਾਰੀ ਮੈਡੀਕਲ ਅਫਸਰ/ਈ.ਐਸ.ਆਈ ਡਿਸਪੈਂਸਰੀ ਇੰਚਾਰਜ ਵਲੋਂ ਦਿਤੀ ਸਲਾਹ ਦੇ ਅਧਾਰ ਤੇ ਮਨਜੂਰ ਕੀਤੀ ਜਾਵੇਗੀ।
5. ਜੇਕਰ ਲਾਭਪਾਤਰੀ ਜਾਂ ਉਸਦੇ ਪਰਿਵਾਰ ਦੇ ਮੈਂਬਰ ਨੂੰ ਉਕਤ ਵਸਤੂਆਂ ਦੀ ਖਰੀਦ ਲਈ ਕਿਸੇ ਹੋਰ ਮਹਿਕਮੇ/ਸੰਸਥਾ ਦੀ ਸਕੀਮ ਅਧੀਨ ਵਿਤੀ ਸਹਾਇਤਾ ਮਿਲ ਚੁੱਕੀ ਹੋਵੇ, ਤਾਂ ਉਸ ਨੂੰ ਇਸ ਸਕੀਮ ਅਧੀਨ ਲਾਭ ਨਹੀ ਦਿਤਾ ਜਾਵੇਗਾ।
6. ਇਸ ਸਕੀਮ ਅਧੀਨ ਲਾਭਪਾਤਰੀ ਜਾਂ ਉਸਦੇ ਪਰਿਵਾਰ ਦੇ ਮੈਂਬਰ ਨੂੰ ਲਾਭ ਕੇਵਲ ਇੱਕ ਵਾਰ ਹੀ ਦਿੱਤਾ ਜਾਵੇਗਾ।
7. ਲਾਭਪਾਤਰੀ ਨੂੰ ਇਹ ਰਕਮ ਉਸ ਵਲੋਂ ਕੀਤੇ ਗਏ ਅਸਲ ਖਰਚੇ ਜਾਂ ਵਿੱਤੀ ਸਹਾਇਤਾ ਦੀ ਰਕਮ ਜੋ ਵੀ ਘੱਟ ਹੋਵੇ ਅਨੁਸਾਰ ਉਸ' ਵਲੋਂ ਪੇਸ਼ ਕੀਤੇ ਗਏ ਅਸਲ ਬਿਲਾਂ ਦੇ ਆਧਾਰ ਤੇ ਦਿੱਤੀ ਜਾਵੇਗੀ।

**ਭਲਾਈ ਸਕੀਮ ਨੰ:8: ਮੋਤ ਹੋਣ ਉਪਰੰਤ ਪੰਜਾਬ ਰਾਜ ਵਿਚ ਦਾਹ-ਸੰਸਕਾਰ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ ਵਿੱਤੀ ਸਹਾਇਤਾ ਦੇਣ ਬਾਰੇ। ਮਿਤੀ 23.12.2015 ਤੋ ਸ਼ਾਮਿਲ ਨਵੀਂ ਸਕੀਮ**

ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀ ਦੀ ਮੌਤ ਜਾਂ ਉਸਦੇ ਪਰਿਵਾਰਕ ਮੈਂਬਰ ਦੀ ਮੋਤ ਹੋ ਜਾਣ ਉਪਰੰਤ ਉਸਦੇ ਪੰਜਾਬ ਰਾਜ ਵਿਚ ਦਾਹ-ਸੰਸਕਾਰ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ 20,000/- ਰੁਪਏ ਦੀ ਰਕਮ **"ਵਿੱਤੀ ਸਹਾਇਤਾ"** ਵਜੋਂ ਹੇਠ ਲਿਖੀਆਂ ਨਿਰਧਾਰਤ ਸ਼ਰਤਾਂ ਅਨੁਸਾਰ ਦਿੱਤੀ ਜਾਂਦੀ ਹੈ:-

1. ਇਹ ਸਕੀਮ ਬੋਰਡ ਦੇ ਮੌਜੂਦਾ ਪੰਜੀਕ੍ਰਿਤ ਲਾਭਪਾਤਰੀ ਜਾਂ ਉਸਦੇ ਪਰਿਵਾਰ ਦੇ ਮੈਂਬਰਾਂ ਲਈ ਲਾਗੂ ਹੋਵੇਗੀ। ਜੇਕਰ 60 ਸਾਲ ਦੀ ਉਮਰ ਪੂਰੀ ਹੋਣ ਜਾਂ ਕਿਸੇ ਹੋਰ ਕਾਰਣ ਉਸਦੀ ਮੈਂਬਰਸ਼ਿਪ ਸਮਾਪਤ ਹੋ ਜਾਂਦੀ ਹੈ ਤਾਂ ਇਸ ਸਕੀਮ ਅਧੀਨ ਲਾਭ ਨਹੀ ਦਿੱਤਾ ਜਾਵੇਗਾ।
2. ਪੰਜੀਕ੍ਰਿਤ ਕਿਰਤੀ ਜਾਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (RECS) ਰੂਲਜ 2008 ਦੇ ਰੂਲ 2 (t) ਵਿਚ "ਫੈਮਲੀ" ਦੀ ਦਿਤੀ ਪਰਿਭਾਸ਼ਾ ਅਰਥਾਤ **" 'family' means husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependant on him."** ਅਨੁਸਾਰ ਉਸਦੇ ਪਰਿਵਾਰ ਦੇ ਮੈਂਬਰ ਦੀ ਮੌਤ ਹੋਣ ਦੀ ਸੂਰਤ ਵਿਚ, ਉਸ ਵਲੋਂ ਜਾਂ ਉਸ ਵਲੋਂ ਨਾਮਜਦ ਕੀਤੇ ਜਾਂ ਉਸਦੇ ਆਸ਼ਰਿਤਾ ਵਲੋਂ ਅਜਿਹੀ ਮਦਦ ਲਈ ਸਬੰਧਤ ਕਿਰਤ ਇੰਸਪੈਕਟਰ/ ਲੇਬਰ ਇੰਨਫੋਰਸਮੈਂਟ ਅਫਸਰ ਰਾਹੀਂ ਜਾਂ ਨੇੜੇ ਦੇ ਸੇਵਾ ਕੇਂਦਰ ਰਾਹੀਂ ਬੋਰਡ ਦੇ ਪੋਰਟਲ ਤੇ ਆਨ ਲਾਈਨ ਅਪਲਾਈ ਕੀਤਾ ਜਾਵੇਗਾ ਜਿਸ ਨਾਲ ਮ੍ਰਿਤਕ ਵਿਅਕਤੀ ਦੀ ਮੌਤ ਦਾ ਅਸਲ ਸਰਟੀਫਿਕੇਟ ਅਤੇ ਉਸਦੇ ਬੋਰਡ ਦਾ ਰੈਗੂਲਰ ਤੋਰ ਤੇ ਮੈਂਬਰ ਹੋਣ ਦਾ ਸਰਟੀਫਿਕੇਟ/ਸਬੂਤ ਵੀ ਅਪਲੋਡ ਕੀਤਾ ਜਾਵੇਗਾ।
3. ਲਾਭਪਾਤਰੀ ਅਪਣੀ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।

4. ਇਸ ਸਕੀਮ ਅਧੀਨ ਅਰਜੀ ਤੇ ਹੋਰ ਭਲਾਈ ਸਕੀਮਾਂ ਵਾਂਗ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਪੈਸਿਆਂ ਦੀ ਮੰਗ ਲਈ ਬੋਰਡ ਦਫਤਰ ਨੂੰ ਲਿਸਟ ਭੇਜੀ ਜਾਵੇਗੀ।

**ਭਲਾਈ ਸਕੀਮ ਨੰ: 9** **"ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨ ਐਜੂਕੇਸ਼ਨ ਸਕੀਮ"**

**ਮਿਤੀ 27.8.14 ਤੋਂ**
**ਸੋਧੀ ਸਕੀਮ**

ਬੋਰਡ ਦੀ ਇਸ ਸਕੀਮ ਅਧੀਨ ਨੈਸ਼ਨਲ ਅਕੈਡਮੀ ਆਫ ਕੰਸਟਰਕਸ਼ਨ, ਹੈਕਰਾਬਾਦ; ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ, ਚੰਡੀਗੜ੍ਹ (**ਪੈਸਕੋ**) ਦੁਆਰਾ ਮੋਹਾਲੀ ਅਤੇ ਬਠਿੰਡਾ ਵਿਖੇ ਸਥਾਪਿਤ 'ਵੋਕੇਸ਼ਨਲ ਟ੍ਰੇਨਿੰਗ ਇੰਸਟੀਚਿਯੂਟ' ਅਤੇ ਐਮ.ਐਸ.ਐਮ.ਈ. ਟੂਲ ਰੂਮ ਜਲੰਧਰ/ ਐਮ.ਐਸ.ਐਮ.ਈ. ਟੂਲ ਰੂਮ ਲੁਧਿਆਣਾ ਜਾਂ ਰਾਜ ਵਿੱਚ ਕਿਸੇ ਹੋਰ ਮਾਨਤਾ ਪ੍ਰਾਪਤ ਤਕਨੀਕੀ ਸੰਸਥਾ ਦੁਆਰਾ ਥੋੜੇ ਸਮੇਂ ਦੇ ਚਲਾਏ ਜਾ ਰਹੇ ਕੋਰਸਾਂ ਵਿੱਚ ਪੰਜੀਕ੍ਰਿਤ ਲਾਭਪਾਤਰੀ ਖੁਦ ਅਪਣੀ 'ਸਕਿਲ ਅਪਗ੍ਰੇਡੇਸ਼ਨ' ਲਈ ਤਕਨੀਕੀ ਕੋਰਸ ਕਰ ਸਕਦੇ ਹਨ ਅਤੇ ਇਸ ਦੇ ਨਾਲ-ਨਾਲ ਉਹ ਅਪਣੇ ਬੱਚਿਆਂ ਨੂੰ ਵੀ ਇਨ੍ਹਾਂ ਸੰਸਥਾਵਾਂ ਵਿੱਚ 'ਵੋਕੇਸ਼ਨਲ ਐਜੂਕੇਸ਼ਨ' ਦੁਆ ਸਕਦੇ ਹਨ।

ਇਸ ਸਕੀਮ ਅਧੀਨ ਪੰਜੀਕ੍ਰਿਤ ਲਾਭਪਾਤਰੀ ਦੀ ਖੁਦ ਦੀ 'ਸਕਿਲ ਅਪਗ੍ਰੇਡੇਸ਼ਨ' ਜਾਂ ਉਨ੍ਹਾਂ ਦੇ ਬੱਚਿਆਂ ਨੂੰ 'ਵੋਕੇਸ਼ਨਲ ਐਜੂਕੇਸ਼ਨ' ਸਬੰਧੀ ਤਕਨੀਕੀ ਕੋਰਸਾਂ ਵਿੱਚ ਸਿਖਲਾਈ ਪ੍ਰਾਪਤ ਕਰਨ ਲਈ ਪੂਰੀ ਫੀਸ ਅਤੇ ਬੋਰਡਿੰਗ ਐਂਡ ਲੋਜਿੰਗ ਦੇ ਖਰਚੇ ਤੋਂ ਇਲਾਵਾ, ਲਾਭਪਾਤਰੀ ਜਾਂ ਉਸਦੇ ਬੱਚੇ, ਜੇਕਰ ਕੋਰਸ ਹੈਦਰਾਬਾਦ ਤੋਂ ਕਰਨ ਦੇ ਚਾਹਵਾਨ ਹੋਣ ਤਾਂ ਉਨ੍ਹਾਂ ਦੀ ਹੈਦਰਾਬਾਦ ਵਿਖੇ ਆਣ-ਜਾਣ ਲਈ ਜਨਰਲ ਸ਼੍ਰੇਣੀ ਵਿੱਚ ਰੇਲਵੇ ਟਿਕਟ ਦੀ ਭਰਪਾਈ ਬੋਰਡ ਵਲੋਂ ਕੀਤੀ ਜਾਵੇਗੀ। ਜੇਕਰ ਉਹ ਪੰਜਾਬ ਰਾਜ ਵਿੱਚ ਪੈਸਕੋ, ਐਮ.ਐਸ.ਐਮ.ਈ. ਟੂਲ ਰੂਮ ਜਲੰਧਰ/ ਲੁਧਿਆਣਾ ਜਾਂ ਹੋਰ ਕਿਸੇ ਮਾਨਤਾ ਪ੍ਰਾਪਤ ਸੰਸਥਾ ਵਿੱਚ ਕੋਰਸ ਕਰਦੇ ਹਨ ਤਾਂ ਵੀ ਉਨ੍ਹਾਂ ਦੀ ਕੇਵਲ ਕੋਰਸ ਦੀ ਪੂਰੀ ਫੀਸ ਸਮੇਤ ਬੋਰਡਿੰਗ/ਲੋਜਿੰਗ ਖਰਚ, ਜੋ ਕੋਈ ਹੋਵੇ ਬੋਰਡ ਵਲੋਂ ਅਦਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਪੰਜੀਕ੍ਰਿਤ ਲਾਭਪਾਤਰੀ ਖੁਦ ਸਕਿਲ ਅਪਗ੍ਰੇਡੇਸ਼ਨ ਲਈ ਹੈਦਰਾਬਾਦ ਵਿਖੇ ਜਾਂ ਰਾਜ ਵਿੱਚ ਕਿਸੇ ਮਾਨਤਾ ਪ੍ਰਾਪਤ ਤਕਨੀਕੀ ਸੰਸਥਾ ਜੁਆਇੰਨ ਕਰਦਾ ਹੈ, ਤਾਂ ਬੋਰਡ ਦੀ ਇਸ ਸਕੀਮ ਅਧੀਨ ਉਸਨੂੰ ਦਿਹਾੜੀ ਟੁੱਟਣ ਦੇ ਇਵਜ ਵਿੱਚ ਕਿਰਤ ਵਿਭਾਗ ਦੁਆਰਾ ਸਮੇਂ ਸਮੇਂ ਸਿਰ ਅਨ-ਸਕਿਲਡ, ਸੈਮੀ-ਸਕਿਲਡ ਆਦਿ ਕਾਮੇ ਲਈ ਨਿਰਧਾਰਿਤ ਘੱਟੋ-ਘੱਟ ਉਜਰਤ, ਜੋ ਵੀ ਉਸ ਦੀ ਸ਼੍ਰੇਣੀ ਅਨੁਸਾਰ ਹੋਵੇ, ਬਤੋਰ ਵਜੀਫਾ ਦਿਤੀ ਜਾਵੇਗੀ।

ਜਿਹੜੇ ਲਾਭਪਾਤਰੀ ਉਸਾਰੀ ਸਾਈਟ ਤੇ ਆਰ.ਪੀ.ਐਲ ਸਕੀਮ ਅਧੀਨ ਸਕਿਲ ਟ੍ਰੇਨਿੰਗ ਲੈਣਗੇ ਉਹਨਾਂ ਨੂੰ 35/- ਰੁਪਏ ਪ੍ਰਤੀ ਘੰਟਾ ਟ੍ਰੇਨਿੰਗ incentive ਮਿਲੇਗਾ।

**ਭਲਾਈ ਸਕੀਮ ਨੰ: 10** **ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰੀਵਾਰਕ ਮੈਂਬਰਾਂ ਲਈ 'ਜਨਰਲ ਸਰਜਰੀ' ਵਾਸਤੇ ਵਿੱਤੀ ਸਹਾਇਤਾ ਸਕੀਮ।**

**ਮਿਤੀ 19.7.16**
**ਤੋਂ ਸੋਧੀ ਸਕੀਮ**

ਬੋਰਡ ਵਲੋਂ 'ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰੀਵਾਰਕ ਮੈਂਬਰਾਂ ਲਈ 'ਜਨਰਲ ਸਰਜਰੀ' ਦੇ ਖਰਚੇ ਲਈ ਉਸਨੂੰ ਵੱਧ ਤੋਂ ਵੱਧ 50,000/- ਰੁਪਏ ਜਾਂ ਜੋ ਅਸਲ ਖਰਚ ਹੋਵੇ, ਦੋਨੋ ਵਿਚੋਂ ਜੋ ਵੀ ਘੱਟ ਹੋਵੇ, ਵਿੱਤੀ ਸਹਾਇਤਾ ਵਜੋਂ ਦੇਣ ਲਈ ਸਕੀਮ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਪ੍ਰਵਾਨ ਕੀਤੀ ਗਈ:-

1) ਇਸ ਸਕੀਮ ਅਧੀਨ 50,000/- ਰੁਪਏ ਤੱਕ ਦਾ ਇਲਾਜ ਦਾ ਲਾਭ ਤਾਂ ਹੀ ਪ੍ਰਾਪਤ ਹੋਵੇਗਾ ਜੇਕਰ ਇਲਾਜ ਤੇ ਕੀਤਾ ਖਰਚਾ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਪੂਰਾ ਹੋ ਗਿਆ ਹੈ।

2) ਉਸਾਰੀ ਕਿਰਤੀ ਬੋਰਡ ਵਿੱਚ ਬਤੋਰ **'ਲਾਭਪਾਤਰੀ'** ਰਜਿਸਟਰ ਹੋਇਆ ਹੋਵੇ ਅਤੇ ਆਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮ੍ਹਾ ਕਰਵਾ ਰਿਹਾ ਹੋਵੇ।

3) ਜੇਕਰ ਲਾਭਪਾਤਰੀ ਨੇ ਇਸ ਸਕੀਮ ਅਧੀਨ ਲਾਭ ਆਪਣੇ ਪਰੀਵਾਰ ਦੇ ਕਿਸੇ ਮੈਂਬਰ ਲਈ ਲੈਣਾ ਹੋਵੇ ਤਾਂ ਅਜਿਹਾ ਮੈਂਬਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਰੂਲਜ਼, 2008 ਦੇ ਰੂਲ 2(t) ਵਿੱਚ ਦਰਜ **'ਫੈਮਲੀ'** ਦੀ ਪਰੀਭਾਸ਼ਾ ਵਿੱਚ ਕਵਰ ਹੋਣਾ ਚਾਹੀਦਾ ਹੈ, ਜੋਕਿ ਹੇਠ ਪ੍ਰਕਾਰ ਹੈ:

"2(t) "family" means the husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependent on him;"

4) ਜਿਹੜਾ ਲਾਭਪਾਤਰੀ ਈ.ਐਸ.ਆਈ ਦੀ ਸਕੀਮ ਵਿੱਚ ਕਵਰ ਹੁੰਦਾ ਹੈ, ਉਸ ਨੂੰ ਇਸ ਸਕੀਮ ਅਧੀਨ ਲਾਭ ਨਹੀਂ ਦਿਤਾ ਜਾਵੇਗਾ।
5) ਇਸ ਸਕੀਮ ਅਧੀਨ ਲਾਭਪਾਤਰੀ ਖੁਦ ਜਾਂ ਆਪਣੇ ਪਰੀਵਾਰ ਦੇ ਕਿਸੇ ਮੈਂਬਰ ਦੀ ਕਿਸੇ ਪ੍ਰਕਾਰ ਦੀ ਜਨਰਲ ਸਰਜਰੀ ਦੇ ਖਰਚੇ ਲਈ ਵਿੱਤੀ ਸਹਾਇਤਾ ਲੈਣ ਦਾ ਹੱਕਦਾਰ ਹੋਵੇਗਾ। ਅਜਿਹੀ ਵਿਤੀ ਸਹਾਇਤਾ ਲਾਭਪਾਤਰੀ ਜਾਂ ਉਸ ਦਾ ਪ੍ਰੀਵਾਰਕ ਮੈਂਬਰ ਵਿਤੀ ਸਾਲ ਦੋਰਾਨ ਸਿਰਫ ਇਕ ਵਾਰ ਪ੍ਰਾਪਤ ਕਰ ਸਕੇਗਾ।
6) ਇਸ ਸਕੀਮ ਅਧੀਨ ਅਰਜੀ ਹਲਕੇ ਦੇ ਕਿਰਤ ਇੰਸਪੈਕਟਰ/ਐਲ.ਈ.ਓਜ਼ ਰਾਹੀਂ ਜਾਂ ਨੇੜੇ ਦੇ ਸੁਵਿਧਾ ਕੇਂਦਰ ਰਾਹੀਂ ਬੋਰਡ ਦੇ ਪੋਰਟਲ ਤੇ ਆਨਲਾਈਨ ਦਿਤੀ ਜਾਵੇਗੀ।
7) ਹੋਰ ਭਲਾਈ ਸਕੀਮਾਂ ਵਾਂਗ ਇਸ ਸਕੀਮ ਅਧੀਨ ਵੀ ਅਰਜੀ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ, ਸਬੰਧਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਲਾਭਪਾਤਰੀਆਂ ਨੂੰ ਲਾਭ ਦੇਣ ਲਈ ਲਿਸਟ ਬੋਰਡ ਨੂੰ ਭੇਜੇਗਾ।
8) ਲਾਭਪਾਤਰੀ ਜਾਂ ਉਸ ਦਾ ਪ੍ਰੀਵਾਰਕ ਮੈਂਬਰ ਜਨਰਲ ਸਰਜਰੀ ਕਿਸੇ ਵੀ ਸਰਕਾਰੀ ਜਾਂ ਪ੍ਰਾਈਵੇਟ ਡਾਕਟਰ ਪਾਸੋਂ ਕਰਵਾ ਸਕਦਾ ਹੈ ਲੇਕਿਨ ਪ੍ਰਾਈਵੇਟ ਡਾਕਟਰ ਪਾਸੋਂ ਕਰਾਏ ਗਏ ਇਲਾਜ ਦੇ ਖਰਚੇ ਸਬੰਧੀ ਸਬੰਧਤ ਸਿਵਲ ਸਰਜਨ ਵਲੋਂ ਜਿਤਨੀ ਰਕਮ ਸਹੀ ਕਰਾਜ ਦਿਤੀ ਜਾਵੇਗੀ (ਵੱਧ ਤੋਂ ਵੱਧ 50,000/-) ਉਤਨੀ ਹੀ ਮਿਲਣ ਯੋਗ ਹੋਵੇਗੀ।

**ਭਲਾਈ ਸਕੀਮ ਨੰ: 11 ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਪੈਨਸ਼ਨ ਸਕੀਮ**

**ਮਿਤੀ 19.7.2016**
**ਤੋ ਸੋਧੀ ਸਕੀਮ**

ਰਜਿਸਟਰਡ ਉਸਾਰੀ ਕਿਰਤੀ ਨੂੰ 60 ਸਾਲ ਦੀ ਉਮਰ ਅਤੇ ਤਿੰਨ ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ ਘਟੋਂ-ਘੱਟ 2,000/- ਰੁਪਏ ਮਹੀਨਾ ਪੈਨਸ਼ਨ ਦੇਣ ਦਾ ਪ੍ਰਾਵਧਾਨ ਹੈ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਪੈਨਸ਼ਨ ਲੈਣ ਦੇ ਹੱਕਦਾਰ ਹੋਣਗੇ:-

1) ਅਜਿਹੇ ਪੰਜੀਕ੍ਰਿਤ ਉਸਾਰੀ ਕਿਰਤੀ ਜਿਨ੍ਹਾਂ ਦੀ ਉਮਰ 60 ਸਾਲ ਪੂਰੀ ਹੋ ਚੂਕੀ ਹੋਵੇ ਅਤੇ ਉਨ੍ਹਾਂ ਦੀ ਬੋਰਡ ਪਾਸ ਮੈਂਬਰਸ਼ਿਪ ਘੱਟੋ-ਘੱਟ 3 ਸਾਲ ਦੀ ਹੋਵੇ ਅਤੇ ਉਸ ਵਲੋਂ ਲਗਾਤਾਰ ਪੂਰੀ ਅੰਸ਼ਦਾਨ ਦੀ ਰਾਸ਼ੀ ਜਮਾਂ ਕਰਵਾਈ ਹੋਵੇ, ਨੂੰ ਬੋਰਡ ਵਲੋਂ 2,000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿਤੀ ਜਾਵੇਗੀ।

2) ਜੇਕਰ ਕੋਈ ਪੰਜੀਕ੍ਰਿਤ ਲਾਭਪਾਤਰੀ, ਘੱਟੋ-ਘੱਟ ਇਕ ਸਾਲ ਦੀ ਬੋਰਡ ਦੀ ਮੈਂਬਰਸ਼ਿਪ ਉਪਰੰਤ, ਪੂਰਣ ਤੋਰ ਤੇ ਅਪਾਹਜ ਹੋ ਜਾਂਦਾ ਹੈ ਤਾਂ ਉਸਨੂੰ ਸਾਲਾਨਾ ਪੈਨਸ਼ਨ ਅਪਾਹਜ ਹੋਣ ਦੀ ਮਿਤੀ ਤੋਂ ਦਿਤੀ ਜਾਵੇਗੀ। ਪੂਰਣ ਅਪੰਗਤਾ ਬਾਰੇ ਸਰਟੀਫਿਕੇਟ ਜਿਲ੍ਹੇ ਦੇ ਸਿਵਲ ਸਰਜਨ ਵਲੋਂ ਦਿਤਾ ਜਾਵੇਗਾ।

3) ਜੇਕਰ ਕਿਸੇ ਲਾਭਪਾਤਰੀ ਦੀ, ਘੱਟੋ-ਘੱਟ ਇਕ ਸਾਲ ਦੀ ਬੋਰਡ ਦੀ ਮੈਂਬਰਸ਼ਿਪ ਉਪਰੰਤ, ਮੋਤ ਹੋ ਜਾਂਦੀ ਹੈ ਤਾਂ ਉਸ ਦੀ ਪਤਨੀ ਜਾਂ ਪਤੀ ਨੂੰ ਪੈਨਸ਼ਨ ਦੀ ਅੱਧੀ ਰਕਮ ਸਲਾਨਾ ਫੈਮਲੀ ਪੈਨਸ਼ਨ ਦੇ ਤੋਰ ਤੇ ਉਦੋਂ ਤੱਕ ਮਿਲਦੀ ਰਹੇਗੀ ਜਦੋਂ ਤੱਕ ਉਹ ਜਿੰਦਾ ਰਹਿੰਦੀ/ਰਹਿੰਦਾ ਹੈ ਜਾਂ ਦੂਸਰਾ ਵਿਆਹ ਨਹੀਂ ਕਰਵਾ ਲੈਂਦੀ/ਲੈਂਦਾ ਹੈ।

4) ੳ) ਜੇਕਰ ਪੈਨਸ਼ਨਰ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਪਤਨੀ/ਪਤੀ ਖੁਦ ਜਿੰਦਾ ਰਹਿਣ ਤੱਕ ਪੈਨਸ਼ਨ ਦਾ 50% ਹਿੱਸਾ ਬਤੌਰ 'ਫੈਮਲੀ ਪੈਨਸ਼ਨ' ਲੈਣ ਦੇ ਹੱਕਦਾਰ ਹੋਣਗੇ। ਲੇਕਿਨ ਜੇਕਰ ਪਤੀ/ਪਤਨੀ ਦੂਜਾ ਵਿਆਹ ਕਰਵਾ ਲੈਂਦੇ ਹਨ ਜਾਂ ਉਹ ਸਰਕਾਰ ਦੀ ਬੁਢਾਪਾ ਪੈਨਸ਼ਨ ਪ੍ਰਾਪਤ ਕਰ ਰਿਹਾ/ਰਹੀ ਹੋਵੇ, ਤਾਂ ਬੋਰਡ ਤੋਂ ਫੈਮਲੀ ਪੈਨਸ਼ਨ ਲੈਣ ਦੇ ਹੱਕਦਾਰ ਨਹੀਂ ਹੋਣਗੇ। ਜੇਕਰ ਪਤੀ ਪਤਨੀ ਦੋਵੇਂ ਬੋਰਡ ਦੇ ਲਾਭਪਾਤਰੀ ਹਨ ਅਤੇ ਦੋਨਾਂ ਨੂੰ ਪੈਨਸ਼ਨ ਮਿਲ ਰਹੀ ਹੋਵੇ ਤਾਂ ਪਤੀ ਜਾਂ ਪਤਨੀ ਵਿਚੋਂ ਕਿਸੇ ਇਕ ਦੀ ਮੌਤ ਹੋਣ ਤੇ ਦੂਜਾ 'ਫੈਮਲੀ ਪੈਨਸ਼ਨ' ਦਾ ਹਕਦਾਰ ਨਹੀਂ ਹੋਵੇਗਾ।

ਅ) ਲੇਕਿਨ ਜੇਕਰ ਪਤੀ ਪਤਨੀ ਦੋਨਾਂ ਵਿਚੋ ਕੋਈ ਇਕ ਪੈਨਸ਼ਨ ਲੈ ਰਿਹਾ ਹੋਵੇ ਤਾਂ ਪੈਨਸ਼ਨ ਪ੍ਰਾਪਤ ਕਰਨ ਵਾਲੇ ਪਤੀ ਜਾਂ ਪਤਨੀ ਦੀ ਮੌਤ ਹੋਣ ਦੀ ਸੂਰਤ ਵਿਚ ਦੂਜੇ ਲਾਭਪਾਤਰੀ ਪਤੀ ਜਾਂ ਪਤਨੀ ਜੋ ਵੀ ਜਿੰਦਾ ਹੋਵੇ, ਨੂੰ ਉਦੋ ਤੱਕ ਫੈਮਲੀ ਪੈਨਸ਼ਨ ਦਿਤੀ ਜਾਵੇਗੀ, ਜਦੋ ਤੱਕ ਉਹ ਖੁਦ ਬੋਰਡ ਵਲੋਂ ਪੈਨਸ਼ਨ ਪ੍ਰਾਪਤ ਕਰਨ ਦਾ ਹਕਦਾਰ ਨਹੀਂ ਹੋ ਜਾਂਦਾ। ਉਸਨੂੰ ਅਪਣੀ ਪੈਨਸ਼ਨ ਪ੍ਰਾਪਤ ਹੋਣ ਤੇ ਉਸਦੀ 'ਫੈਮਲੀ ਪੈਨਸ਼ਨ' ਬੰਦ ਹੋ ਜਾਵੇਗੀ।

5) ਅਜਿਹੇ ਪੰਜੀਕ੍ਰਿਤ ਉਸਾਰੀ ਕਿਰਤੀ ਜਿਹੜੇ ਪੰਜਾਬ ਸਰਕਾਰ ਦੀ ਬੁਢਾਪਾ ਪੈਨਸ਼ਨ ਜਾਂ ਉਸ ਅਧੀਨ ਕਿਸੇ ਵੀ ਬੋਰਡ/ਕਾਰਪੋਰੇਸ਼ਨ ਦੀ ਕਿਸੇ ਤਰ੍ਹਾਂ ਦੀ ਵੀ ਪੈਨਸ਼ਨ ਲੈਂਣ ਲਈ ਤਰਜੀਹ ਦੇਣਗੇ ਉਹ ਬੋਰਡ ਦੀ ਪੈਨਸ਼ਨ ਸਕੀਮ ਅਧੀਨ ਪੈਨਸ਼ਨ ਦੇ ਵੀ ਹੱਕਦਾਰ ਹੋਣਗੇ। ਲੇਕਿਨ ਬੋਰਡ ਵਲੋਂ ਅਜਿਹੇ ਪੈਨਸ਼ਨਰ ਦੀ ਲਿਸਟ ਆਧਾਰ ਕਾਰਡ ਸਮੇਤ ਸੋਸ਼ਲ ਸਕਿਊਰਟੀ ਵਿਭਾਗ ਪੰਜਾਬ ਨੂੰ ਭੇਜਣੀ ਹੋਵੇਗੀ ਤਾਂ ਜ਼ੋ ਅਜਿਹਾ ਲਾਭ ਉਨ੍ਹਾਂ ਵਲੋਂ ਨਾ ਦਿਤਾ ਜਾਵੇ।

6) ਪੈਨਸ਼ਨ ਦੀ ਦਰਖਾਸਤ ਜਿਲ੍ਹੇ ਦੇ ਅਧਿਕਾਰੀ ਜਿਵੇਂ ਕਿ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਪਾਸ ਫਾਰਮ ਨੰ: xxxxii ਵਿਚ ਸਮੇਤ ਸਵੈ-ਘੋਸ਼ਣਾ ਦਿਤੀ ਜਾਵੇਗੀ, ਜੋ ਕਿਰਤ ਇੰਸਪੈਕਟਰ ਪਾਸੋਂ ਪੜਤਾਲ ਕਰਵਾਉਣ ਉਪਰੰਤ ਉਪ ਮੰਡਲ ਪੱਧਰ ਤੇ ਬਣਾਈਆਂ ਕਮੇਟੀਆਂ ਦੀ ਸਿਫਾਰਸ਼ ਸਹਿਤ ਡਿਪਟੀ ਕਮਿਸ਼ਨਰ ਰਾਹੀਂ ਸਕੱਤਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨੂੰ ਭੇਜਣਗੇ।

7) ਪੈਨਸ਼ਨ ਮੰਨਜੂਰ ਕਰਨ ਲਈ ਸਕੱਤਰ ਬੋਰਡ ਜਾਂ ਉਨ੍ਹਾਂ ਵਲੋਂ ਅਧਿਕਾਰਤ ਕੀਤਾ ਗਿਆ ਅਧਿਕਾਰੀ ਸਮਰਥ ਅਧਿਕਾਰੀ ਹੋਵੇਗਾ।

8) ਜੇਕਰ ਪੈਨਸ਼ਨ ਦੀ ਦਰਖਾਸਤ ਡਿਪਟੀ ਕਮਿਸ਼ਨਰ ਅਧੀਨ ਉਪ ਮੰਡਲ ਪਧੱਰ ਤੇ ਬਣਾਈ ਕਮੇਟੀ ਵਲੋਂ ਨਾਂ ਮੰਨਜੂਰ ਕੀਤੀ ਜਾਂਦੀ ਹੈ ਤਾਂ ਉਹ ਆਪਣੀ ਅਪੀਲ 60 ਦਿਨਾਂ ਦੇ ਅੰਦਰ-ਅੰਦਰ ਸਕੱਤਰ ਬੋਰਡ ਪਾਸ ਕਰ ਸਕਦਾ ਹੈ। ਲਾਭਪਾਤਰੀ ਵਲੋਂ ਦੇਰੀ ਦੇ ਕਾਰਣ ਸਪਸ਼ਟ ਕਰਨ ਤੇ ਜੇਕਰ ਸਕੱਤਰ ਬੋਰਡ ਸੰਤੁਸ਼ਟ ਹੋਣ ਤਾਂ 60 ਦਿਨਾਂ ਤੋਂ ਬਾਅਦ ਦੀ ਦੇਰੀ ਨੂੰ ਵੱਧ ਤੋਂ ਵੱਧ ਇਕ ਸਾਲ ਤਕ ਨਜਰ ਅੰਦਾਜ ਕੀਤਾ ਜਾ ਸਕਦਾ ਹੈ। ਸਮਰਥ ਅਧਿਕਾਰੀ ਵਲੋਂ ਉਸਾਰੀ ਕਿਰਤੀ ਦੀ ਅਰਜੀ, ਉਸਨੂੰ ਨਿੱਜੀ ਸੁਣਵਾਈ ਦਾ ਮੌਕਾ ਦਿਤੇ ਬਿਨਾਂ ਰੱਦ ਨਹੀਂ ਕੀਤੀ ਜਾਵੇਗੀ।ਅਪੀਲ ਸਬੰਧੀ ਸਕੱਤਰ ਬੋਰਡ ਦਾ ਨਿਰਣਾ ਅੰਤਮ ਹੋਵੇਗਾ।

9) ਸਕੱਤਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਪੈਨਸ਼ਨ ਮੰਨਜੂਰ ਕਰਨ ਉਪਰੰਤ ਇਸ ਦੀ ਅਦਾਇਗੀ ਲਈ ਰਕਮ ਉਸਾਰੀ ਕਿਰਤੀਆਂ ਦੇ ਖਾਤੇ ਵਿਚ ਤਿਮਾਹੀ ਤੌਰ ਤੇ ਐਲ.ਆਈ.ਸੀ ਵਲੋਂ ਬੈਂਕ ਰਾਹੀਂ ਟ੍ਰਾਂਸਫਰ ਕੀਤੀ ਜਾਵੇਗੀ ਅਤੇ ਐਲ.ਆਈ.ਸੀ ਨਾਲ ਸਾਈਨ ਕੀਤੇ ਜਾਣ ਵਾਲੇ MOU ਅਨੁਸਾਰ ਐਲ.ਆਈ.ਸੀ ਲਈ ਇਹ ਸਥਾਈ ਹਦਾਇਤਾਂ ਹੋਣਗੀਆਂ।

10) ਪੈਨਸ਼ਨਰ ਨੂੰ ਹਰ ਸਾਲ ਜਨਵਰੀ ਦੇ ਮਹੀਨੇ ਵਿਚ ਆਪਣੇ ਜਿੰਦਾ ਹੋਣ ਸਬੰਧੀ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਰਾਹੀਂ ਜਾਂ ਸਿਧੇ ਐਲ.ਆਈ.ਸੀ ਪਾਸ ਯੋਗ ਪ੍ਰੋਫਾਰਮੇ ਵਿਚ ਸਰਟੀਫਿਕੇਟ ਦੇਣਾ ਹੋਵੇਗਾ। ਜੇਕਰ ਕਿਰਤੀ ਇਹ ਸਰਟੀਫਿਕੇਟ ਨਹੀਂ ਦਿੰਦਾ ਹੈ ਤਾਂ ਐਲ.ਆਈ.ਸੀ ਵਲੋਂ ਉਸਦੀ ਪੈਨਸ਼ਨ ਰੋਕ ਦਿਤੀ ਜਾਵੇਗੀ। ਇਹ ਸਰਟੀਫਿਕੇਟ ਪੇਸ਼ ਕਰਨ ਤੇ ਪੈਨਸ਼ਨ ਸਮੇਤ ਪੈਨਸ਼ਨ ਦੇ ਬਕਾਏ ਦੇ, ਐਲ.ਆਈ.ਸੀ ਵਲੋਂ ਮੁੜ ਸ਼ੁਰੂ ਕੀਤੀ ਜਾਵੇਗੀ।

11) ਪੈਨਸ਼ਨਰ ਨੂੰ ਪੀ.ਪੀ.ਓ. ਡਿਪਟੀ ਸਕੱਤਰ ਬੋਰਡ ਵਲੋਂ ਜਾਰੀ ਕੀਤਾ ਜਾਵੇਗਾ ਅਤੇ ਸਕੱਤਰ ਬੋਰਡ ਦੇ ਦਫਤਰ ਵਿਚ ਪੀ.ਪੀ.ਓ. ਜਾਰੀ ਕਰਨ ਸਬੰਧੀ ਰਿਕਾਰਡ ਫਾਰਮ ਨੰ: xxxxiii ਵਿਚ ਰੱਖਿਆ ਜਾਵੇਗਾ।

12) ਜੇਕਰ ਕਿਸੇ ਪੈਨਸ਼ਨਰ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਐਲ.ਆਈ.ਸੀ ਜਾਂ ਵਿਭਾਗ ਦੇ ਕਿਸੇ ਅਧਿਕਾਰੀ/ ਕਰਮਚਾਰੀ ਪ੍ਰਤਿ ਕੋਈ ਸ਼ਿਕਾਇਤ ਹੋਵੇ, ਤਾਂ ਉਸਦਾ ਨਿਪਟਾਰਾ ਸਕੱਤਰ ਬੋਰਡ ਦੀ ਪੱਧਰ ਤੇ ਕੀਤਾ ਜਾਵੇਗਾ।

13) ਇਹ ਸਕੀਮ ਮਿਤੀ 3.2.2014 ਤੋਂ ਲਾਗੂ ਹੈ ਲੇਕਿਨ ਜਿਨ੍ਹਾਂ ਰਜਿਸਟਰਡ ਉਸਾਰੀ ਕਿਰਤੀਆਂ ਦੀ ਮਿਤੀ 3.2.2014 ਤੋਂ ਪਹਿਲਾਂ ਮੌਤ ਹੋ ਗਈ ਸੀ ਉਨ੍ਹਾਂ ਦੇ ਪਰਿਵਾਰਾਂ ਨੂੰ ਫੈਮਲੀ ਪੈਨਸ਼ਨ ਦਾ ਲਾਭ ਮਿਲ ਸਕੇਗਾ।

**ਭਲਾਈ ਸਕੀਮ ਨੰ: 12 ਉਸਾਰੀ ਕੰਮਾਂ ਵਿੱਚ ਲੱਗੇ ਪੰਜੀਕ੍ਰਿਤ ਲਾਭਪਾਰਤੀਆਂ ਲਈ ਪ੍ਰਸੂਤਾ ਲਾਭ ਸਕੀਮ। ਮਿਤੀ 14.10.2015 ਤੋਂ ਸੋਧੀ ਸਕੀਮ**

ਬੋਰਡ ਵਲੋਂ ਉਸਾਰੀ ਕੰਮਾਂ ਵਿੱਚ ਲੱਗੇ ਪੰਜੀਕ੍ਰਿਤ ਲਾਭਪਾਤਰੀਆਂ ਨੂੰ 'ਪ੍ਰਸੂਤਾ ਲਾਭ ਸਕੀਮ' ਅਧੀਨ ਵਿਤੀ ਸਹਾਇਤਾ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਿਤੀ ਜਾਵੇਗੀ:-

1) ਇਸ ਸਕੀਮ ਅਧੀਨ ਇਸਤਰੀ ਲਾਭਪਾਤਰੀ ਦੇ ਨਾਲ ਨਾਲ, ਪੁਰਸ਼ ਲਾਭਪਾਤਰੀ ਵੀ ਅਪਣੀ ਪਤਨੀ ਦੇ ਬੱਚੇ ਦੇ ਜਨਮ ਸਮੇਂ ਲਾਭ ਲੈਣ ਦੇ ਪਾਤਰ ਹੋਣਗੇ।
2) ਇਸਤਰੀ ਕਿਰਤੀ ਨੂੰ ਦੋ ਬੱਚਿਆਂ ਦੇ ਜਨਮ ਸਮੇਂ 21000/- ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਪ੍ਰਸੂਤਾ ਲਾਭ ਦਿੱਤਾ ਜਾਵੇਗਾ ਅਤੇ ਪੁਰਸ਼ ਲਾਭਪਾਤਰੀ ਨੂੰ 5000/- ਪ੍ਰਤੀ ਬੱਚੇ ਦੇ ਹਿਸਾਬ ਨਾਲ ਲਾਭ ਮਿਲੇਗਾ।
3) ਇਸ ਸਕੀਮ ਅਧੀਨ ਲਾਭ ਲੈਣ ਲਈ ਲਾਭਪਾਤਰੀ (ਇਸਤਰੀ ਜਾਂ ਪੁਰਸ਼) ਕਿਰਤੀ ਦੀ ਬੋਰਡ ਦੀ ਮੈਂਬਰਸ਼ਿਪ ਬੱਚੇ ਦੇ ਜਨਮ ਸਮੇਂ ਘੱਟੋਂ-ਘੱਟ 6 ਮਹੀਨੇ ਹੋਣੀ ਜਰੂਰੀ ਹੈ।
4) ਲਾਭਪਾਤਰੀ ਕਿਰਤੀ (ਇਸਤਰੀ ਜਾਂ ਪੁਰਸ਼) ਅਪਣੀ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾ ਰਹੇ ਹੋਣ।
5) ਇਸ ਸਕੀਮ ਅਧੀਨ ਲਾਭਪਾਤਰੀ (ਇਸਤਰੀ ਜਾਂ ਪੁਰਸ਼) ਕਿਰਤੀ ਨੂੰ ਕੇਵਲ ਪਹਿਲੇ ਦੋ ਬੱਚਿਆਂ ਦੇ ਜਨਮ ਸਮੇਂ ਹੀ ਵਿਤੀ ਲਾਭ ਦਿਤਾ ਜਾਵੇਗਾ।
6) ਜੇਕਰ ਲਾਭਪਾਤਰੀ (ਇਸਤਰੀ ਜਾਂ ਪੁਰਸ਼) ਕਿਰਤੀ ਨੂੰ ਕਿਸੇ ਹੋਰ ਸੰਸਥਾ/ਵਿਭਾਗ ਵਲੋਂ ਪ੍ਰਸੂਤਾ ਲਾਭ ਮਿਲ ਰਿਹਾ ਹੈ, ਤਾਂ ਵੀ ਲਾਭਪਾਤਰੀ ਕਿਰਤੀ ਬੋਰਡ ਦੀ ਇਸ ਸਕੀਮ ਅਧੀਨ ਲਾਭ ਲੈਣ ਦੇ ਹੱਕਦਾਰ ਹੋਣਗੇ।
7) ਲਾਭਪਾਤਰੀ (ਇਸਤਰੀ ਜਾਂ ਪੁਰਸ਼) ਕਿਰਤੀ ਨੂੰ ਇਸ ਸਕੀਮ ਅਧੀਨ ਇਹ ਲਾਭ, ਆਰ.ਐਸ.ਬੀ.ਵਾਈ ਜਾਂ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਇੰਨਡੋਰ ਇਲਾਜ ਲਈ ਮਿਲਣ ਵਾਲੇ ਲਾਭ ਤੋਂ ਇਲਾਵਾ ਹੋਵੇਗਾ।
8) ਇਸ ਸਕੀਮ ਅਧੀਨ ਲਾਭਪਾਤਰੀ ਵਲੋਂ ਅਪਣੀ ਅਰਜੀ ਬੱਚੇ ਦੇ ਜਨਮ ਦੀ ਮਿਤੀ ਤੋਂ 3 ਮਹੀਨੇ ਦੇ ਅੰਦਰ ਅੰਦਰ ਕਿਰਤ ਇੰਸਪੈਕਟਰ/ ਐਲ.ਈ.ਓ ਰਾਹੀਂ ਨੇੜੇ ਦੇ ਸੁਵਿਧਾ ਕੇਂਦਰ ਰਾਹੀਂ ਬੋਰਡ ਦੇ ਪੋਰਟਲ ਤੇ ਆਨਲਾਈਨ ਭਰੀ ਜਾਵੇਗੀ ਜਿਸ ਨਾਲ ਬੱਚੇ ਦੇ ਜਨਮ ਦੇ ਸਬੂਤ ਵਜੋ ਸਰਟੀਫਿਕੇਟ ਵੀ ਅਪਲੋਡ ਕੀਤਾ ਜਾਵੇਗਾ।
9) ਹੋਰ ਭਲਾਈ ਸਕੀਮਾਂ ਵਾਂਗ ਇਸ ਸਕੀਮ ਅਧੀਨ ਵੀ ਅਰਜੀ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ, ਸਬੰਧਤ ਡਿਪਟੀ ਕਮਿਸ਼ਨਰ ਦੀ ਮੰਜ਼ੂਰੀ ਨਾਲ ਸਬੰਧਤ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਬੋਰਡ ਦਫਤਰ ਤੋਂ ਪੈਸਿਆਂ ਦੀ ਮੰਗ ਕਰੇਗਾ ਅਤੇ ਅਧਿਕਾਰੀ ਦੀ ਸਿਫਾਰਸ਼ ਅਨੁਸਾਰ ਲਾਭਪਾਤਰੀ ਨੂੰ ਰਕਮ ਦੀ ਅਦਾਇਗੀ ਕੀਤੀ ਜਾਵੇਗੀ"।

**ਭਲਾਈ ਸਕੀਮ ਨੰ: 13 ਮੋਬਾਇਲ ਲੈਬ ਸਕੀਮ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਨਿਰਮਾਣ ਕਾਰਜਾਂ ਵਿੱਚ ਕੰਮ ਕਰਦੇ ਰਜਿਸਟਰਡ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਲਈ ਮੋਬਾਈਲ ਲੈਬ ਸਕੀਮ ਦੀ ਕਾਰਜਸ਼ੈਲੀ ਹੇਠ ਪ੍ਰਕਾਰ ਹੋਵੇਗੀ:-

1) 'ਮੋਬਾਈਲ ਲੈਬ' ਕਿਰਤ ਵਿਭਾਗ ਪੰਜਾਬ ਦੇ ਫੈਕਟਰੀ ਵਿੰਗ ਵਿੱਚ ਉਪਲਬਧ ਮੋਬਾਈਲ ਵੈਨ ਵਿੱਚ ਸਥਾਪਿਤ ਕੀਤੀ ਜਾਵੇਗੀ, ਜਿਸ ਵਿੱਚ ਏ.ਸੀ.,ਬਲੱਡ ਟੈਸਟ, ਸਪੂਟਮ ਕੁਲੈਕਸ਼ਨ ਕਿਟ, ਐਕਰੇ ਮਸ਼ੀਨ ਅਤੇ ਸਪਾਇਰੋਮੀਟਰ ਦੀ ਸੁਵਿਧਾ ਉਪਲਬਧ ਤੋਂ ਇਲਾਵਾ ਲੈਬ ਅਸਿਸਟੈਂਟ ਬੋਰਡ ਵਲੋਂ ਕਰਵਾਇਆ ਜਾਵੇਗਾ।

2) ਮੋਬਾਈਲ ਲੈਬ ਵਿੱਚ ਇਕ ਡਾਕਟਰ ਅਤੇ ਇਕ ਲੈਬ ਅਸਿਸਟੈਂਟ ਤੈਨਾਤ ਹੋਣਗੇ। ਜਿਨ੍ਹਾਂ ਵਲੋਂ ਨਿਰਮਾਣ ਕਾਰਜਾਂ ਨਾਲ ਸਬੰਧਤ ਅਦਾਰਿਆਂ ਜਿਵੇਂ ਕਿ Stone Crusher, Cement factories, brick Kiln ਅਤੇ ਉਸਾਰੀ ਅਧੀਨ ਭਵਨ ਅਤੇ ਹੋਰ ਨਿਰਮਾਣ ਕਾਰਜ ਸਥਾਨ ਆਦਿ, ਜਿਥੇ dust ਜਿਆਦਾ ਹੋਵੇ, ਵਿਖੇ ਉਸਾਰੀ ਕਿਰਤੀਆਂ ਵਿੱਚ ਸਿਲੀਕਾਸਿਜ਼, ਟੀ.ਬੀ. ਅਤੇ ਛਾਤੀ ਦੀਆਂ ਬਿਮਾਰੀਆਂ ਦੇ ਲੱਛਣਾਂ ਦਾ ਪਤਾ ਲਗਾਉਣ ਲਈ, ਉਨ੍ਹਾਂ ਦਾ random medical examination ਕੀਤਾ ਜਾਵੇਗਾ।

3) ਜਾਂਚ ਪੜਤਾਲ ਕਰਨ ਉਪਰੰਤ ਜਿਨ੍ਹਾਂ ਕੇਸਾਂ ਵਿੱਚ ਸਿਲੀਕਾਸਿਜ਼ ਜਾਂ ਹੋਰ ਬਿਮਾਰੀ ਦਾ ਸ਼ੱਕ ਪਾਇਆ ਜਾਂਦਾ ਹੈ ਤਾਂ ਮੈਡੀਕਲ ਟੀਮ ਵਲੋਂ ਸਬੰਧਤ ਉਸਾਰੀ ਕਿਰਤੀਆਂ ਦਾ ਸਪੂਟਮ ਇੱਕਠਾ ਕਰਕੇ ਉਸ ਇਲਾਕੇ ਦੇ ਸਰਕਾਰੀ ਹਸਪਤਾਲ ਵਿੱਚ diagnose ਵਾਸਤੇ ਜਮ੍ਹਾਂ ਕਰਵਾਇਆ ਜਾਵੇਗਾ। ਜੇਕਰ ਮੁਢਲੇ ਟੈਸਟ positive ਆਉਂਦੇ ਹਨ ਤਾਂ ਅਜਿਹੇ ਕੇਸ ਸਰਕਾਰੀ ਹਸਪਤਾਲ ਵਿੱਚ ਰੈਫਰ ਕੀਤੇ ਜਾ ਸਕਦੇ ਹਨ, ਜਿਥੇ ਕਿ ਅਜਿਹੇ ਕਿਰਤੀਆਂ ਦੇ ਐਕਸਰੇ, ਸਪਾਇਰੋਗ੍ਰਾਫੀ ਆਦਿ ਦੇ confirmatory ਟੈਸਟ ਹੋਣ ਉਪਰੰਤ ਇਲਾਜ ਦੀ ਪ੍ਰਕ੍ਰਿਆ ਅਰੰਭ ਕੀਤੀ ਜਾ ਸਕਦੀ ਹੈ।

4) ਮੋਬਾਈਲ ਲੈਬ ਵਿੱਚ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾ ਦੇ ਪ੍ਰੀਵਾਰ ਦੇ ਮੈਂਬਰਾਂ ਦੇ ਮੈਡੀਕਲ ਐਕਜਾਮੀਨੇਸ਼ਨ, ਐਕਸਰੇ ਅਤੇ ਹੋਰ ਟੈਸਟਾਂ ਦਾ ਸਾਰਾ ਖਰਚਾ ਬੋਰਡ ਵਲੋਂ ਮੈਡੀਕਲ ਲੈਬ ਦੇ ਡਾਕਟਰ ਇੰਨਚਾਰਜ ਦੀ ਸਿਫਾਰਸ਼ ਅਨੁਸਾਰ ਦਿਤਾ ਜਾਵੇਗਾ।

5) ਜੇਕਰ ਸਿਲੀਕੋਸਿਜ਼ ਦਾ ਕੇਸ ਕਨਫਰਮ ਹੋ ਜਾਂਦਾ ਹੈ ਤਾਂ ਸਬੰਧਤ ਰਜਿਸਟਰਡ ਕਿਰਤੀ ਜਾਂ ਉਸ ਦੇ ਪਰਿਵਾਰਕ ਮੈਂਬਰ ਦੇ ਇਲਾਜ ਲਈ ਜ਼ੋ ਵੀ ਖਰਚਾ ਹੋਵੇਗਾ, ਉਸ ਦੀ 1.50 ਲੱਖ ਰੁਪਏ ਦੀ ਸੀਮਾ ਤੱਕ ਖਰਚੇ ਦੀ ਪ੍ਰਤਿਪੂਰਤੀ ਬੋਰਡ ਵਲੋਂ ਕੀਤੀ ਜਾਵੇਗੀ। ਪਰੰਤੂ ਜਦੋਂ ਬੋਰਡ ਦੀ PSSBY ਸਕੀਮ ਚਾਲੂ ਹੋ ਜਾਵੇਗੀ ਤਾਂ ਸਿਲੀਕਾਸਿਜ਼ ਬੀਮਾਰੀ ਦੇ ਟੈਸਟਾਂ ਅਤੇ ਇਲਾਜ ਦਾ ਜੋ ਖਰਚਾ ਹੋਵੇਗਾ, ਉਹ PSSBY ਸਕੀਮ ਅਧੀਨ ਕਵਰ ਕੀਤਾ ਜਾਵੇਗਾ।

6) ਕਿਉਂ ਜ਼ੋ Mobile Van, Driver, Doctor ਆਦਿ ਦੀ ਸਹੂਲਤ ਕਿਰਤ ਵਿਭਾਗ ਦੇ ਫੈਕਟਰੀ ਵਿੰਗ ਤੋਂ ਲਈ ਜਾਣੀ ਹੈ, ਇਸ ਲਈ ਇਸ ਸਕੀਮ ਨੂੰ ਫੈਕਟਰੀ ਵਿੰਗ ਨਾਲ ਸਾਂਝੇ ਤੋਰ ਤੇ ਚਲਾਇਆ ਜਾਵੇਗਾ ਅਤੇ ਉਸਾਰੀ ਕਿਰਤੀਆਂ ਨਾਲ-ਨਾਲ, ਫੈਕਟਰੀ ਐਕਟ ਅਧੀਨ ਆਉਣ ਵਾਲੇ ਸਬੰਧਤ ਕਿਰਤੀਆਂ ਦੇ ਟੈਸਟ ਅਤੇ diagnose ਵੀ ਮੋਬਾਈਲ ਵੈਨ ਵਿੱਚ ਕੀਤੇ ਜਾਣਗੇ।

7) ਅਜਿਹੇ ਸ਼ੱਕ ਵਾਲੇ ਕੇਸਾਂ ਵਿੱਚ ਮੁੱਢਲੇ ਟੈਸਟਾਂ, confirmatory test ਅਤੇ ਇਲਾਜ ਤੇ ਜਿੰਨਾ ਖਰਚਾ ਆਵੇਗਾ, ਤਾਂ ਸਬੰਧਤ ਕਿਰਤੀ ਬੋਰਡ ਦਾ ਰਜਿਸਟਰਡ ਲਾਭਪਾਤਰੀ ਹੋਣ ਦੀ ਸੂਰਤ ਵਿੱਚ ਅਜਿਹੇ ਖਰਚੇ ਦੀ ਪ੍ਰਤਿਪੂਰਤੀ ਬੋਰਡ ਵਲੋਂ ਕੀਤੀ ਜਾਵੇਗੀ।

8) ਕਿਉਂਕਿ ਮੋਬਾਈਲ ਵੈਨ ਕਿਰਤ ਵਿਭਾਗ ਦੇ ਫੈਕਟਰੀ ਵਿੰਗ ਦੀ ਸੰਪਤੀ ਹੈ, ਇਸ ਲਈ ਵੈਨ ਵਿਚ ਡੀਜਲ ਪੁਆਉਣ, ਲਾਗ ਬੁਕ ਮੇਨਟੇਨ ਕਰਨ ਅਤੇ ਰਿਪੇਅਰ ਆਦਿ ਦੀ ਜਿੰਮੇਵਾਰੀ ਫੈਕਟਰੀ ਵਿੰਗ ਦੀ ਹੋਵੇਗੀ।

**ਭਲਾਈ ਸਕੀਮ ਨੰ: 14 ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜਾਰ) ਖਰੀਦਣ ਲਈ ਵਿਤੀ ਸਹਾਇਤਾ ਦੇਣ ਬਾਰੇ ਭਲਾਈ ਸਕੀਮ।** ਮਿਤੀ 19.7.2016 ਤੋ

ਇਸ ਸਕੀਮ ਅਧੀਨ ਪੰਜੀਕ੍ਰਿਤ ਉਸਾਰੀ ਕਿਰਤੀ ਨੂੰ ਟੂਲਜ (ਔਜਾਰ) ਖਰੀਦਣ ਲਈ 5000/- ਰੁਪਏ ਤੱਕ ਦੀ ਵਿਤੀ ਸਹਾਇਤਾ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨ ਤੇ ਦਿਤੀ ਜਾਵੇਗੀ:-

(1) ਉਸਾਰੀ ਕਿਰਤੀ ਬੋਰਡ ਦੇ 'ਲਾਭਪਾਤਰੀ' ਵਜੋਂ ਰਜਿਸਟਰ ਹੋਇਆ ਹੋਵੇ।

(2) ਲਾਭਪਾਤਰੀ ਉਸਾਰੀ ਕਿਰਤੀ ਅਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।

(3) ਲਾਭਪਾਤਰੀ ਨੂੰ ਇਸ ਸਕੀਮ ਅਧੀਨ ਟੂਲਜ ਦੀ ਖਰੀਦ ਲਈ ਵਿਤੀ ਸਹਾਇਤਾ, ਉਸ ਵਲੋਂ ਟੂਲਜ਼ ਖਰੀਦਣ ਉਪਰੰਤ ਦਿਤੀ ਜਾਵੇਗੀ।

(4) ਇਸ ਸਕੀਮ ਅਧੀਨ ਪਹਿਲੀ ਵਾਰ ਵਿਤੀ ਸਹਾਇਤਾ ਦਾ ਲਾਭ ਸਿਰਫ ਉਨ੍ਹਾਂ ਲਾਭਪਾਤਰੀਆਂ ਨੂੰ ਹੀ ਦਿਤਾ ਜਾਵੇਗਾ ਜੋ ਬੋਰਡ ਦੀ ਸਕਿਲ ਡਿਵੈਲਪਮੈਂਟ ਸਕੀਮ ਅਧੀਨ ਸਕਿਲ ਅਪਗ੍ਰੇਡੇਸ਼ਨ ਜਾਂ RPL ਸਕੀਮ ਅਧੀਨ ਟ੍ਰੇਨਿੰਗ ਪ੍ਰਾਪਤ ਕਰ ਚੁਕੇ ਹੋਣਗੇ ਜਿਸਦਾ ਸਬੂਤ ਅਰਜੀ ਨਾਲ ਲਾਉਣਾ ਜਰੂਰੀ ਹੋਵੇਗਾ। ਜਿਹੜਾ ਲਾਭਪਾਤਰੀ ਇਕ ਵਾਰ ਬੋਰਡ ਪਾਸੋਂ ਵਿਤੀ ਸਹਾਇਤਾ ਪ੍ਰਾਪਤ ਕਰ ਲੈਂਦਾ ਹੈ, ਉਹ ਇਸ ਮੰਤਵ ਲਈ ਹਰ ਤਿੰਨ ਸਾਲ ਬਾਅਦ ਇਹ ਲਾਭ ਲੈ ਸਕਦਾ ਹੈ।

(5) ਲਾਭਪਾਤਰੀ ਵਲੋਂ ਜਿਸ ਕਿੱਤੇ ਦੀ ਟ੍ਰੇਨਿੰਗ ਲਈ ਹੋਵੇ, ਉਸੀ ਕਿੱਤੇ ਨਾਲ ਸਬੰਧਤ ਔਜਾਰ ਜਿਵੇਂ ਕਿ ਹਥੋੜਾ, ਟੇਸੀ-ਕਾਂਡੀ, ਆਰੀ, ਹੈਲਮਟ, ਸੇਫਟੀ-ਸੂਜ਼, ਡਰਿਲ, ਰੰਦਾ, ਰੇਨ-ਕੋਟ ਆਦਿ ਖਰੀਦਣ ਲਈ ਵੱਧ ਤੋਂ ਵੱਧ 5000/- ਰੁ. ਤੱਕ ਦੀ ਰਾਸ਼ੀ ਵਿੱਤੀ ਸਹਾਇਤਾ ਵਜੋਂ ਦਿਤੀ ਜਾਵੇਗੀ। ਲਾਭਪਾਤਰੀ ਨੂੰ ਔਜਾਰ ਦੇ ਬਿਲਾਂ ਦੀ ਅਸਲ ਰਸੀਦ ਨਾਲ ਲਗਾਉਣੀ ਜਰੂਰੀ ਹੋਵੇਗੀ।

(6) ਇਸ ਸਕੀਮ ਅਧੀਨ ਅਰਜੀ ਤੇ ਹੋਰ ਭਲਾਈ ਸਕੀਮਾਂ ਵਾਂਗ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਸਬੰਧਤ ਅਧਿਕਾਰੀ ਵਲੋਂ ਪੈਸਿਆਂ ਦੀ ਮੰਗ ਕਰਨ ਤੇ ਬੋਰਡ ਵਲੋਂ ਅਦਾਇਗੀ ਲਈ ਰਕਮ ਲਾਭਪਾਤਰੀ ਦੇ ਖਾਤੇ ਵਿਚ **ਆਰ.ਟੀ.ਜੀ.ਐਸ.** ਰਾਹੀਂ ਪਾਈ ਜਾਵੇਗੀ।

**ਭਲਾਈ ਸਕੀਮ ਨੰ: 15 ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਵਿਤੀ ਸਹਾਇਤਾ ਸਕੀਮ।**

**ਮਿਤੀ 24.6.2015 ਤੋਂ ਸ਼ਾਮਿਲ ਨਵੀਂ ਸਕੀਮ**

ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਲਈ ਉਨ੍ਹਾਂ ਨੂੰ 20,000/- ਰੁਪਏ ਸਾਲਾਨਾ ਵਿਤੀ ਸਹਾਇਤਾ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦੇਣ ਦੀ ਪ੍ਰਵਾਨਗੀ ਦਿਤੀ ਗਈ:-

(1) ਲਾਭਪਾਤਰੀ ਬੋਰਡ ਪਾਸ ਲਗਾਤਾਰ ਅਪਣੀ ਅੰਸ਼ਦਾਨ ਦੀ ਰਾਸ਼ੀ ਜਮਾਂ ਕਰਵਾ ਰਿਹਾ ਹੋਵੇ।

(2) ਲਾਭਪਾਤਰੀ ਦੇ ਬੱਚੇ ਦੇ ਮਾਨਸਿਕ ਰੋਗੀ ਜਾਂ ਅਪੰਗ ਹੋਣ ਸਬੰਧੀ ਸਰਕਾਰੀ ਹਸਪਤਾਲ ਜਾਂ ਈ.ਐਸ.ਆਈ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਵਲੋਂ ਲਿਖਤੀ ਰੂਪ ਵਿੱਚ ਪ੍ਰਾਪਤ ਸਰਟੀਫਿਕੇਟ ਬੋਰਡ ਦੀ ਵੈਬਸਾਈਟ ਤੇ ਅਪਲੋਡ ਕਰਨਾ ਹੋਵੇਗਾ।

**ਭਲਾਈ ਸਕੀਮ ਨੰ: 16 ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਬੋਰਡ ਵਲੋਂ ਬੋਰਡ ਦੇ ਲਾਭਪਾਤਰੀਆਂ ਦੀ ਲੜਕੀ ਦੇ ਜਨਮ ਸਮੇਂ 51000/- ਰੁਪਏ ਦੀ ਫਿਕਸ ਰਾਸ਼ੀ ਜਮ੍ਹਾਂ ਕਰਵਾਣ ਬਾਰੇ।**

**ਮਿਤੀ 19.7.2016 ਤੋਂ ਨਵੀਂ ਸ਼ਾਮਿਲ ਸਕੀਮ**

1. ਹਰੇਕ ਲਾਭਪਾਤਰੀ ਜਿਸ ਦੀ ਬੋਰਡ ਦੀ 6 ਮਹੀਨੇ ਦੀ ਮੈਂਬਰਸ਼ਿਪ ਪੂਰੀ ਹੋਵੇ ਉਹ ਇਸ ਸਕੀਮ ਦਾ ਲਾਭ ਲੈਣ ਦਾ ਹੱਕਦਾਰ ਹੋਵੇਗਾ।
2. **ਲਾਭਪਾਤਰੀ ਦੀ ਲੜਕੀ ਦੇ ਜਨਮ ਸਮੇਂ (ਵੱਧ ਤੋਂ ਵੱਧ 2 ਲੜਕੀਆਂ ਲਈ) ਬੋਰਡ ਵਲੋਂ 51000/- ਰੁਪਏ ਦਾ ਫਿਕਸ ਡਿਪਾਜਟ ਲੜਕੀ ਦੇ ਮਾਤਾ/ਪਿਤਾ ਦੇ ਨਾਂ ਕਰਵਾਇਆ ਜਾਵੇਗਾ।**
3. ਫਿਕਸ ਡਿਪਾਜਟ ਦੀ ਅਵਧੀ ਲੜਕੀ ਦੀ ਸ਼ਾਦੀ ਹੋਣ ਤੱਕ ਰਹੇਗੀ ।

4. **ਫਿਕਸ ਡਿਪਾਜਟ ਰਸੀਟ (ਐਫ.ਡੀ.ਆਰ) ਸਕੱਤਰ ਬੋਰਡ ਦੇ ਨਾਂ ਪਲੈਜ ਰਹੇਗੀ ਅਤੇ ਮਿਚਿਓਰਟੀ ਸਮੇਂ ਐਫ.ਡੀ.ਆਰ ਦੀ ਰਕਮ ਰਿਲੀਜ਼ ਕਰਨ ਦਾ ਅਧਿਕਾਰ ਸਕੱਤਰ ਬੋਰਡ ਜਾਂ ਉਨ੍ਹਾਂ ਵਲੋਂ ਅਧਿਕਾਰਤ ਕੀਤੇ ਗਏ ਅਧਿਕਾਰੀ ਨੂੰ ਹੋਵੇਗਾ।**

5. 51000/- ਰੁਪਏ ਦੀ ਰਾਸ਼ੀ ਪਹਿਲੀ ਵਾਰ 18 ਸਾਲ ਲਈ ਐਫ.ਡੀ.ਆਰ ਕਰਵਾਈ ਜਾਵੇਗੀ ਅਤੇ ਉਸ ਤੋਂ ਉਪਰੰਤ ਜਿੰਨੀ ਦੇਰ ਤੱਕ ਲੜਕੀ ਦੀ ਸ਼ਾਦੀ ਨਹੀਂ ਹੁੰਦੀ ਉਤਨੀ ਦੇਰ ਤੱਕ ਐਫ.ਡੀ.ਆਰ ਹਰੇਕ ਸਾਲ ਲਈ ਰਿਨਿਊ ਕਰਵਾਈ ਜਾਂਦੀ ਰਹੇਗੀ ਅਤੇ ਜਿਸ ਮਹੀਨੇ ਦੋਰਾਨ ਲੜਕੀ ਦੀ ਸ਼ਾਦੀ ਨਿਸ਼ਚਿਤ ਹੋ ਜਾਂਦੀ ਹੈ ਤਾਂ ਪ੍ਰੀ-ਮਿਚਿਓਰਟੀ ਤੇ ਜਿੰਨੀ ਰਕਮ ਬਣੇਗੀ ਉਹ ਅਦਾ ਕਰ ਦਿਤੀ ਜਾਵੇਗੀ।
6. ਲਾਭਪਾਤਰੀ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਬੋਰਡ ਪਾਸ ਜਮਾਂ ਕਰਵਾਦਾ ਰਹੇਗਾ।
7. ਲਾਭਪਾਤਰੀ ਵਲੋਂ ਇਸ ਸਕੀਮ ਤਹਿਤ ਅਪਣੀ ਅਰਜੀ ਨਿਰਧਾਰਤ ਫਾਰਮ ਵਿਚ ਭਰਕੇ ਹਲਕੇ ਦੇ ਕਿਰਤ ਇੰਸਪੈਕਟਰ/ ਕਿਰਤ ਇੰਨਫੋਰਸਮੈਂਟ ਅਫਸਰ ਰਾਹੀਂ ਜਾਂ ਨੇੜੇ ਦੇ ਸੁਵਿਧਾ ਕੇਂਦਰ ਰਾਹੀਂ ਬੋਰਡ ਦੇ ਵੈਬ ਪੋਰਟਲ ਤੇ ਅਪਲੋਡ ਕੀਤੀ ਜਾਵੇਗੀ।

**ਭਲਾਈ ਸਕੀਮ ਨੰ: 17 ਹਾਉਸਿੰਗ ਸਕੀਮ।**

ਸ਼ਹਿਰੀ ਅਵਾਸ ਯੋਜਨਾ 2017 ਤਹਿਤ ਜੇਕਰ ਕਿਸੇ ਉਸਾਰੀ ਕਿਰਤੀ ਨੂੰ ਮਕਾਨ ਅਲਾਟ ਹੁੰਦਾ ਹੈ ਤਾਂ ਹੇਠ ਲਿਖੀਆਂ ਕੈਟੇਗਰੀਆਂ ਅਧੀਨ ਵਿਤੀ ਲਾਭ ਲੈਣ ਲਈ ਯੋਗ ਪਾਇਆ ਜਾਵੇਗਾ:

1) ਅਨੂਸੂਚਿਤ ਜਾਤੀ/ਪਿਛਣੀ ਸ੍ਰੇਣੀ ਨਾਲ ਸਬੰਧਤ ਬੇਘਰ ਜਿਨ੍ਹਾਂ ਦੀ 3.00 ਲੱਖ ਤੋਂ ਘੱਟ ਸਲਾਨਾ ਆਮਦਨ ਹੈ ਉਨ੍ਹਾਂ ਉਸਾਰੀ ਕਿਰਤੀਆਂ ਨੂੰ ਜੇਕਰ ਮਕਾਨ ਅਲਾਟ ਹੋ ਜਾਂਦਾ ਹੈ ਤਾਂ ਸਬੰਧਤ ਵਿਭਾਗ ਨੂੰ 1.50 ਲੱਖ ਰੁਪਏ ਦੀ ਰਾਸ਼ੀ ਬੋਰਡ ਵਲੋਂ ਦਿਤੀ ਜਾਵੇਗੀ।

2) ਅਜਿਹੇ ਸ਼ਹਿਰੀ ਉਸਾਰੀ ਕਿਰਤੀ ਜਿਨ੍ਹਾਂ ਦੀ ਸਲਾਨਾ ਆਮਦਨ 3.00 ਲੱਖ ਤੋਂ ਘੱਟ ਹੈ ਉਨ੍ਹਾਂ ਨੂੰ 6 ਲੱਖ ਰੁਪਏ ਦੇ 20 ਸਾਲਾਂ ਦੀ ਅਵਧੀ ਲਈ ਲਏ ਕਰਜੇ ਤੇ ਬੋਰਡ ਵਲੋਂ 6.50% ਵਿਆਜ ਸਬਸਿਡੀ ਦਿਤੀ ਜਾਵੇਗੀ।

3) ਜੇਕਰ ਪ੍ਰਾਈਵੇਟ ਡਿਵੈਲਪਰ ਵਲੋਂ ਉਸਾਰੀ ਕਿਰਤੀ ਨੂੰ ਮਕਾਨ ਅਲਾਟ ਕੀਤਾ ਜਾਂਦਾ ਹੈ ਤਾਂ ਬੋਰਡ ਵਲੋਂ ਸਰਕਾਰ ਦੀ ਤਰਫੋਂ ਸਬੰਧਤ ਵਿਭਾਗ ਨੂੰ 5.00 ਲੱਖ ਰੁਪਏ ਦਿਤੇ ਜਾਣਗੇ।

4) ਜੇਕਰ ਉਸਾਰੀ ਕਿਰਤੀ ਦੀ ਆਮਦਨ 6.00 ਲੱਖ ਤੋਂ ਘੱਟ ਹੈ ਤਾਂ ਉਸਾਰੀ ਕਿਰਤੀ ਵਲੋਂ 20 ਸਾਲ ਦੀ ਅਵਧੀ ਲਈ 6.00 ਲੱਖ ਦੇ ਕਰਜੇ ਤੇ 6.5% ਵਿਆਜ ਸਬਸਿਡੀ ਬੋਰਡ ਵਲੋਂ ਦਿਤੀ ਜਾਵੇਗੀ।